Australian Government
Department of Home Affairs

# ਆਸਟ੍ਰੇਲੀਆ ਵਿੱਚ ਦਾਖਲ ਹੋਣਾ

ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ।

## ਕਦਮ 1 - ਆਪਣੇ ਵੀਜ਼ੇ ਦੀਆਂ ਲੋੜਾਂ ਦੀ ਜਾਂਚ ਕਰੋ

ਬਿਨਾਂ ਵੀਜ਼ੇ ਦੇ ਆਸਟ੍ਰੇਲੀਆ ਵੱਲ ਯਾਤਰਾ ਕਰਨ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਵੀਜ਼ਾ ਵਿਕਲਪਾਂ ਦੀ ਪੜਚੋਲ ਕਰਨ ਲਈ ਸਾਡੇ ਵੀਜ਼ਾ ਲੱਭਣ ਵਾਲੇ ਦੀ ਵਰਤੋਂ ਕਰ ਸਕਦੇ ਹੋ।

ਹੋ ਸਕਦਾ ਹੈ ਕਿ ਤੁਹਾਨੂੰ ਆਸਟ੍ਰੇਲੀਆ ਵਿੱਚ ਦਾਖਲ ਹੋਣ ਵਾਸਤੇ ਅਰਜ਼ੀ ਦੇਣ, ਅਤੇ ਯਾਤਰਾ ਤੋਂ ਛੋਟ ਲਏ ਜਾਣ ਦੀ ਲੋੜ **ਵੀ** ਪਵੇ। (ਹੇਠਾਂ ਕਦਮ 3 ਦੇਖੋ)।

## ਕਦਮ 2 - ਆਪਣੇ ਟੀਕਾਕਰਨ ਦੀਆਂ ਲੋੜਾਂ ਦੀ ਜਾਂਚ ਕਰੋ

ਤੁਹਾਡੀ ਟੀਕਾਕਰਨ ਦੀ ਅਵਸਥਾ ਇਸ ਗੱਲ ਦਾ ਫੈਸਲਾ ਕਰੇਗੀ ਕਿ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਤੁਹਾਨੂੰ ਕੀ ਕਰਨ ਦੀ ਲੋੜ ਹੈ।

ਜਦ ਤੁਸੀਂ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਆਸਟ੍ਰੇਲੀਆ ਦੀਆਂ ਟੀਕਾਕਰਨ ਲੋੜਾਂ ਦੀ ਪੂਰਤੀ ਨਹੀਂ ਕਰਦੇ ਤਾਂ ਉਸ ਸਮੇਂ ਵਿਚਾਰੇ ਜਾਣ ਵਾਸਤੇ ਹੋਰ ਵੀ ਚੀਜ਼ਾਂ ਹਨ। ਹੇਠਾਂ ਲਿਖੇ ਕਦਮਾਂ ਦੀ ਪਾਲਣਾ ਕਰੋ।

ਜੇ ਤੁਹਾਨੂੰ ਡਾਕਟਰੀ ਕਾਰਨਾਂ ਕਰਕੇ ਟੀਕਾ ਨਹੀਂ ਲਗਾਇਆ ਜਾ ਸਕਦਾ, ਤਾਂ ਤੁਸੀਂ ਉਸੇ ਪ੍ਰਬੰਧ ਤੱਕ ਪਹੁੰਚ ਕਰ ਸਕਦੇ ਹੋ ਜੋ ਟੀਕੇ ਲਗਵਾਏ ਗਏ ਯਾਤਰੀਆਂ ਲਈ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਸਵੀਕਾਰ ਕਰਨਯੋਗ ਡਾਕਟਰੀ ਸਬੂਤ ਪ੍ਰਦਾਨ ਕਰਵਾਉਣ ਦੇ ਯੋਗ ਹੋਣਾ ਚਾਹੀਦਾ ਹੈ। ਵੇਖੋ: ਟੀਕਾਕਰਨ ਅਤੇ ਟੈਸਟ ਕਰਵਾਉਣਾ।

**ਜਿਹੜੇ ਵੀਜ਼ਾ ਧਾਰਕ ਆਸਟ੍ਰੇਲੀਆ ਪਹੁੰਚਦੇ ਹਨ, ਉਹਨਾਂ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਨੂੰ ਨਜ਼ਰਬੰਦ ਕਰਕੇ ਵਾਪਸ ਭੇਜਿਆ ਜਾ ਸਕਦਾ ਹੈ ਜੇਕਰ ਉਹਨਾਂ ਨੇ:**

- **ਆਸਟ੍ਰੇਲੀਆ ਦੀਆਂ ਸਰਹੱਦੀ ਦਾਖਲੇ ਦੀਆਂ ਲੋੜਾਂ ਅਨੁਸਾਰ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕੇ ਨਹੀਂ ਲਗਵਾਏ ਹਨ; ਜਾਂ**
- **ਆਸਟ੍ਰੇਲੀਆ ਦੀ ਸਰਕਾਰ ਦੁਆਰਾ ਪਰਿਭਾਸ਼ਿਤ ਕੀਤੇ ਅਨੁਸਾਰ ਕਿਸੇ COVID-19 ਵੈਕਸੀਨ ਵਾਸਤੇ ਕੋਈ ਡਾਕਟਰੀ ਮਨਾਹੀ ਨਹੀਂ ਹੈ; ਜਾਂ**
- **ਕਿਸੇ *ਛੋਟ ਵਾਲੀ ਸ਼੍ਰੇਣੀ* ਵਿੱਚ ਨਹੀਂ ਹਨ ਜਾਂ ਉਹਨਾਂ ਕੋਲ ਕੋਈ ਵਿਅਕਤੀਗਤ ਯਾਤਰਾ ਛੋਟ ਹੈ।**

## ਕਦਮ 3 - ਯਾਤਰਾ ਵਿੱਚ ਛੋਟ ਲਈ ਅਰਜ਼ੀ ਦਿਓ

ਜੇ ਤੁਸੀਂ ਆਸਟ੍ਰੇਲੀਆ ਦੀਆਂ ਟੀਕਾਕਰਨ ਦੀਆਂ ਲੋੜਾਂ ਦੀ ਪੂਰਤੀ ਨਹੀਂ ਕਰਦੇ, ਤਾਂ ਹੋ ਸਕਦਾ ਹੈ ਤੁਹਾਨੂੰ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਯਾਤਰਾ ਤੋਂ ਛੋਟ ਵਾਸਤੇ ਅਰਜ਼ੀ ਦੇਣ ਦੀ ਲੋੜ **ਵੀ** ਪਵੇ।

ਵਧੇਰੇ ਜਾਣਕਾਰੀ ਵਾਸਤੇ ਅਤੇ ਅਰਜ਼ੀ ਕਿਵੇਂ ਦੇਣੀ ਹੈ, ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਛੋਟ ਦੀ ਪ੍ਰਕਿਰਿਆ ਵੇਖੋ।

## ਕਦਮ 4 – ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ ਦੀ ਜਾਂਚ ਕਰੋ

ਇਸ ਤੋਂ ਪਹਿਲਾਂ ਕਿ ਤੁਸੀਂ ਆਪਣੀ ਉਡਾਣ ਬੁੱਕ ਕਰੋ, ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੇ ਪਹੁੰਚਣ ਦੀਆਂ ਲੋੜਾਂ ਦੀ ਜਾਂਚ ਕਰੋ। ਇਸ ਵਿੱਚ ਸਰਹੱਦੀ ਦਾਖਲੇ ਦੇ ਰਜਿਸਟ੍ਰੇਸ਼ਨ ਫਾਰਮ ਜਾਂ ਕੁਆਰੰਟੀਨ ਸ਼ਾਮਲ ਹੋ ਸਕਦੇ ਹਨ।

ਉਹਨਾਂ ਸਾਰੇ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੀ ਜਾਂਚ ਕਰੋ ਜਿੰਨ੍ਹਾਂ ਨੂੰ ਤੁਸੀਂ ਪਾਰ ਕਰੋਗੇ ਅਤੇ ਜਿੰਨ੍ਹਾਂ ਵੱਲ ਯਾਤਰਾ ਕਰੋਗੇ। ਥੋੜ੍ਹੇ ਸਮੇਂ ਦੇ ਨੋਟਿਸ 'ਤੇ ਲੋੜਾਂ ਵਿੱਚ ਤਬਦੀਲੀ ਹੋ ਸਕਦੀ ਹੈ। **ਤੁਹਾਨੂੰ ਕੁਆਰੰਟੀਨ ਵਿੱਚ ਦਾਖਲ ਹੋਣ ਦੀ ਲੋੜ ਪੈ ਸਕਦੀ ਹੈ।**

ਤੁਸੀਂ ਯਾਤਰਾ ਪਾਬੰਦੀਆਂ ਅਤੇ ਲੋੜਾਂ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੋ ਜੋ ਤੁਹਾਡੇ ਉੱਤੇ ਲਾਗੂ ਹੁੰਦੀਆਂ ਹਨ। ਜੇ ਤੁਸੀਂ ਪਾਲਣਾ ਨਹੀਂ ਕਰਦੇ ਹੋ, ਤਾਂ ਤੁਹਾਨੂੰ ਗੰਭੀਰ ਜੁਰਮਾਨਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਕੈਦ ਅਤੇ ਮਹੱਤਵਪੂਰਨ ਜੁਰਮਾਨੇ ਸ਼ਾਮਲ ਹਨ ਵੇਖੋ: ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੇ ਪਹੁੰਚਣ ਦੀਆਂ ਲੋੜਾਂ।

## ਕਦਮ 5 - ਅਗਾਊਂ ਯੋਜਨਾ ਬਣਾਓ

ਤੁਹਾਨੂੰ ਇਸ ਗੱਲ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਜੇ ਤੁਹਾਡੀ ਯਾਤਰਾ ਵਿੱਚ ਦੇਰੀ ਅਤੇ ਰੁਕਾਵਟਾਂ ਆਉਂਦੀਆਂ ਹਨ ਤਾਂ ਤੁਸੀਂ ਕੀ ਕਰੋਗੇ।

ਏਅਰਲਾਈਨਾਂ ਦੀਆਂ ਵਿਸ਼ੇਸ਼ ਲੋੜਾਂ ਵੀ ਹੋ ਸਕਦੀਆਂ ਹਨ ਜਿੰਨ੍ਹਾਂ ਦੀ ਤੁਹਾਨੂੰ ਪੂਰਤੀ ਕਰਨ ਦੀ ਲੋੜ ਹੁੰਦੀ ਹੈ। **ਬਿਨਾਂ ਟੀਕੇ ਵਾਲੇ ਯਾਤਰੀ ਆਉਣ ਵਾਲੇ ਯਾਤਰੀਆਂ ਦੀਆਂ ਗਿਣਤੀ ਵਾਲੀਆਂ ਸੀਮਾਵਾਂ ਦੇ ਅਧੀਨ ਆਉਂਦੇ ਹਨ ਅਤੇ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ ਦੀ ਪੂਰਤੀ ਕਰਨੀ ਚਾਹੀਦੀ ਹੈ**।

ਜੇ ਸਬੰਧਿਤ ਹੈ, ਤਾਂ ਜਾਂਚ ਕਰੋ ਕਿ ਆਸਟ੍ਰੇਲੀਆ ਤੋਂ ਬਾਹਰ ਜਾਣ ਲਈ ਤੁਹਾਨੂੰ ਕੀ ਕਰਨ ਦੀ ਲੋੜ ਪਵੇਗੀ।

## ਕਦਮ 6 – ਆਪਣੀ ਯਾਤਰਾ ਬੁੱਕ ਕਰੋ

## ਕਦਮ 7 - ਆਪਣੀ ਡਿਜ਼ਿਟਲ ਯਾਤਰੀ ਘੋਸ਼ਣਾ ਨੂੰ ਪੂਰਾ ਕਰੋ

ਤੁਸੀਂ ਆਪਣੀ ਡਿਜ਼ਿਟਲ ਯਾਤਰੀ ਘੋਸ਼ਣਾ (DPD) ਨੂੰ ਆਪਣੀ ਉਡਾਣ ਤੋਂ ਸੱਤ ਦਿਨ ਪਹਿਲਾਂ ਸ਼ੁਰੂ ਕਰ ਸਕਦੇ ਹੋ ਅਤੇ ਇਸ ਨੂੰ ਆਸਟ੍ਰੇਲੀਆ ਲਈ ਰਵਾਨਾ ਹੋਣ ਤੋਂ 72 ਘੰਟਿਆਂ ਦੇ ਅੰਦਰ ਜਮ੍ਹਾਂ ਕਰ ਸਕਦੇ ਹੋ।

DPD ਅਹਿਮ ਸਿਹਤ ਜਾਣਕਾਰੀ ਦੀ ਬੇਨਤੀ ਕਰਦਾ ਹੈ। ਇਸ ਜਾਣਕਾਰੀ ਨੂੰ ਪ੍ਰਦਾਨ ਕਰਾਉਣਾ ਕਾਨੂੰਨੀ ਲੋੜ ਹੈ। ਇਹ ਯਕੀਨੀ ਬਨਾਉਣ ਵਿੱਚ ਮਦਦ ਕਰੇਗਾ ਕਿ ਤੁਹਾਨੂੰ ਹਵਾਈ ਅੱਡੇ 'ਤੇ, ਜਾਂ ਜਦ ਤੁਸੀਂ ਆਸਟ੍ਰੇਲੀਆ ਪਹੁੰਚਦੇ ਹੋ ਤਾਂ ਤੁਹਾਨੂੰ ਬੇਲੋੜੀਆਂ ਦੇਰੀਆਂ ਦਾ ਤਜ਼ਰਬਾ ਨਾ ਹੋਵੇ। ਵਧੇਰੇ ਜਾਣਕਾਰੀ ਲਈ ਵੇਖੋ: DPD

## ਕਦਮ 8 - ਰਵਾਨਗੀ ਤੋਂ ਪਹਿਲਾਂ ਵਾਲਾ COVID-19 ਦਾ ਟੈਸਟ ਕਰਵਾਉਣਾ

ਤੁਹਾਨੂੰ ਹਾਲ ਹੀ ਵਿੱਚ ਕੀਤੇ COVID-19 ਟੈਸਟ ਦੇ ਨਕਾਰਾਤਮਕ (ਨੈਗੇਟਿਵ) ਨਤੀਜੇ ਦਾ ਸਬੂਤ ਏਅਰਲਾਈਨ ਦੇ ਅਮਲੇ ਨੂੰ ਵਿਖਾਉਣ ਦੀ ਲੋੜ ਪਵੇਗੀ।

ਤੁਹਾਨੂੰ ਕਿਹੜੇ ਟੈਸਟ ਦੀ ਲੋੜ ਹੈ ਅਤੇ ਟੈਸਟ ਕਦੋਂ ਕਰਵਾਉਣਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਟੀਕਾਕਰਨ ਅਤੇ ਟੈਸਟ ਕਰਨਾ ਵੇਖੋ।

## ਕਦਮ 9 – ਹਵਾਈ ਅੱਡੇ ਵਾਸਤੇ ਆਪਣੇ ਦਸਤਾਵੇਜ਼ਾਂ ਨੂੰ ਤਿਆਰ ਕਰੋ

ਜਦ ਤੁਸੀਂ ਆਪਣੀ ਉਡਾਣ ਵਾਸਤੇ ਚੈੱਕ-ਇਨ ਕਰਦੇ ਹੋ, ਤਾਂ ਏਅਰਲਾਈਨ ਦੇ ਅਮਲੇ ਦੁਆਰਾ ਤੁਹਾਨੂੰ ਹੇਠ ਲਿਖਿਆਂ ਨੂੰ ਪੇਸ਼ ਕਰਨ ਲਈ ਕਿਹਾ ਜਾਵੇਗਾ:

- ਪਾਸਪੋਰਟ
- ਵੀਜ਼ਾ
- ਯਾਤਰਾ ਛੋਟ ਦੀ ਮਨਜ਼ੂਰੀ, ਜੇ ਲੋੜ ਪੈਂਦੀ ਹੈ
- COVID-19 ਟੈਸਟ ਦਾ ਨਕਾਰਾਤਮਕ (ਨੈਗੇਟਿਵ) ਨਤੀਜਾ
- ਪੂਰਾ ਕੀਤਾ DPD

## ਕਦਮ 10 – ਆਸਟ੍ਰੇਲੀਆ ਵਾਸਤੇ ਦਾਖਲੇ ਦੀਆਂ ਲੋੜਾਂ ਦੀ ਪੂਰਤੀ ਕਰਨਾ

ਇਸ ਵਿੱਚ ਪ੍ਰਵਾਸ (ਇਮੀਗ੍ਰੇਸ਼ਨ), ਕਸਟਮ, ਜੈਵਿਕ-ਸੁਰੱਖਿਆ (ਬਾਇਓਸਕਿਓਰਟੀ) ਕਲੀਅਰੈਂਸ ਸ਼ਾਮਲ ਹਨ। ਵਧੇਰੇ ਜਾਣਕਾਰੀ ਵਾਸਤੇ, ਸਰਹੱਦ ਪਾਰ ਕਰਨਾ ਵੇਖੋ।

## ਕਦਮ 11 – ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ ਦੀ ਪੂਰਤੀ ਕਰਨਾ

ਜ਼ਿਆਦਾਤਰ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਲਈ ਤੁਹਾਡੇ ਪਹੁੰਚਣ ਤੋਂ ਤੁਰੰਤ ਬਾਅਦ ਆਪਣਾ COVID-19 ਟੈਸਟ ਕਰਵਾਉਣ ਦੀ ਲੋੜ ਹੁੰਦੀ ਹੈ।

**ਬਿਨਾਂ ਟੀਕੇ ਵਾਲੇ ਯਾਤਰੀ ਆਉਣ ਵਾਲੇ ਯਾਤਰੀਆਂ ਦੀਆਂ ਗਿਣਤੀ ਵਾਲੀਆਂ ਸੀਮਾਵਾਂ ਦੇ ਅਧੀਨ ਆਉਂਦੇ ਹਨ ਅਤੇ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ ਦੀ ਪੂਰਤੀ ਕਰਨੀ ਚਾਹੀਦੀ ਹੈ। ਤੁਹਾਨੂੰ ਕੁਆਰੰਟੀਨ ਵਿੱਚ ਦਾਖਲ ਹੋਣ ਦੀ ਲੋੜ ਪੈ ਸਕਦੀ ਹੈ।** ਤੁਹਾਨੂੰ ਇਸ ਦੀ, ਅਤੇ ਉਹਨਾਂ ਸਾਰੇ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਕਿਸੇ ਹੋਰ ਲੋੜਾਂ ਦੀ ਜਾਂਚ ਕਰਨੀ ਚਾਹੀਦੀ ਹੈ ਜਿੰਨ੍ਹਾਂ ਨੂੰ ਤੁਸੀਂ ਪਾਰ ਕਰੋਗੇ ਅਤੇ ਜਿੰਨ੍ਹਾਂ ਵੱਲ ਯਾਤਰਾ ਕਰੋਗੇ।

# ਆਸਟ੍ਰੇਲੀਆ ਦੇ ਵਿੱਚੋਂ ਦੀ ਲੰਘਣਾ

## 72 ਘੰਟੇ ਜਾਂ ਇਸ ਤੋਂ ਘੱਟ ਦਾ ਲਾਂਘਾ

ਜੇ ਤੁਸੀਂ ਆਸਟ੍ਰੇਲੀਆ ਦੇ ਵਿੱਚੋਂ ਲੰਘ ਰਹੇ ਹੋ, ਤਾਂ ਤੁਹਾਨੂੰ **ਲਾਜ਼ਮੀ** ਉਸ ਉਡਾਣ ਵਿੱਚ ਅੱਗੇ ਦੀ ਟਿਕਟ ਹਾਸਲ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜੋ ਤੁਹਾਡੇ ਸ਼ੁਰੂਆਤੀ ਦਾਖਲੇ ਦੇ 72 ਘੰਟਿਆਂ ਤੋਂ ਘੱਟ ਸਮੇਂ ਦੇ ਅੰਦਰ ਆਸਟ੍ਰੇਲੀਆ ਤੋਂ ਰਵਾਨਾ ਹੁੰਦੀ ਹੈ। ਜੇ ਢੁੱਕਵੀਂ ਨਾਲ ਜੁੜਨ ਵਾਲੀ ਉਡਾਣ ਉਪਲਬਧ ਨਹੀਂ ਹੈ, ਤਾਂ ਆਸਟ੍ਰੇਲੀਆ ਰਾਹੀਂ ਲਾਂਘਾ ਸੰਭਵ **ਨਹੀਂ ਹੋਵੇਗਾ**।

72 ਘੰਟਿਆਂ ਜਾਂ ਇਸ ਤੋਂ ਘੱਟ ਸਮੇਂ ਦੇ ਲਾਂਘੇ ਲਈ ਤੁਹਾਨੂੰ ਯਾਤਰਾ ਤੋਂ ਛੋਟ ਵਾਸਤੇ ਅਰਜ਼ੀ ਦੇਣ ਦੀ ਲੋੜ **ਨਹੀਂ** ਹੈ।

### ਵੀਜ਼ੇ ਦੀਆਂ ਜ਼ਰੂਰਤਾਂ

ਆਸਟ੍ਰੇਲੀਆ ਦੇ ਵਿੱਚੋਂ ਦੀ ਲੰਘਣ ਲਈ ਤੁਹਾਡੇ ਕੋਲ ਲਾਜ਼ਮੀ ਵੈਧ ਵੀਜ਼ਾ ਹੋਣਾ ਚਾਹੀਦਾ ਹੈ ਜਾਂ ਤੁਸੀਂ ਬਿਨਾਂ ਵੀਜ਼ੇ ਤੋਂ ਲੰਘਣ (TWOV) ਵਾਲੇ ਯੋਗ ਦੇਸ਼ ਤੋਂ ਹੋਣੇ ਚਾਹੀਦੇ ਹੋ।

ਜੇ ਤੁਹਾਡੇ ਕੋਲ ਵੈਧ ਵੀਜ਼ਾ ਨਹੀਂ ਹੈ ਜਾਂ ਤੁਸੀਂ TWOV ਦੇ ਯੋਗ ਨਹੀਂ ਹੋ ਤਾਂ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਵੀਜ਼ੇ ਵਾਸਤੇ ਅਰਜ਼ੀ ਜ਼ਰੂਰ ਦਿਓ। ਆਸਟ੍ਰੇਲੀਆ ਦੇ ਵਿੱਚੋਂ ਦੀ 72 ਘੰਟਿਆਂ ਦੇ ਅੰਦਰ ਲੰਘਣ ਲਈ ਟਰਾਂਜ਼ਿਟ ਵੀਜ਼ੇ (ਸਬਕਲਾਸ 771) ਲਈ ਅਰਜ਼ੀ ਦਿਓ।

### COVID-19 ਦਾ ਟੈਸਟ

ਆਸਟ੍ਰੇਲੀਆ ਦੇ ਵਿੱਚੋਂ ਲੰਘਣ ਲਈ ਤੁਹਾਨੂੰ COVID-19 ਟੈਸਟ ਦੇ ਨਕਾਰਾਤਮਕ (ਨੈਗੇਟਿਵ) ਨਤੀਜੇ ਦੀ ਲੋੜ ਹੈ। ਵਧੇਰੇ ਜਾਣਕਾਰੀ ਵਾਸਤੇ ਟੀਕਾਕਰਨ ਅਤੇ ਟੈਸਟ ਕਰਨਾ ਵੇਖੋ।

### ਡਿਜ਼ਿਟਲ ਯਾਤਰੀ ਘੋਸ਼ਣਾ

ਤੁਸੀਂ ਆਪਣੀ ਡਿਜ਼ਿਟਲ ਯਾਤਰੀ ਘੋਸ਼ਣਾ (DPD) ਨੂੰ ਆਪਣੀ ਉਡਾਣ ਤੋਂ ਸੱਤ ਦਿਨ ਪਹਿਲਾਂ ਸ਼ੁਰੂ ਕਰ ਸਕਦੇ ਹੋ ਅਤੇ ਇਸ ਨੂੰ ਆਸਟ੍ਰੇਲੀਆ ਲਈ ਰਵਾਨਾ ਹੋਣ ਤੋਂ 72 ਘੰਟਿਆਂ ਦੇ ਅੰਦਰ ਜਮ੍ਹਾਂ ਕਰ ਸਕਦੇ ਹੋ।

DPD ਅਹਿਮ ਸਿਹਤ ਜਾਣਕਾਰੀ ਦੀ ਬੇਨਤੀ ਕਰਦਾ ਹੈ। ਇਸ ਜਾਣਕਾਰੀ ਨੂੰ ਪ੍ਰਦਾਨ ਕਰਵਾਉਣਾ ਕਾਨੂੰਨੀ ਲੋੜ ਹੈ। ਇਹ ਯਕੀਨੀ ਬਨਾਉਣ ਵਿੱਚ ਮਦਦ ਕਰੇਗਾ ਕਿ ਤੁਹਾਨੂੰ ਹਵਾਈ ਅੱਡੇ 'ਤੇ, ਜਾਂ ਜਦ ਤੁਸੀਂ ਆਸਟ੍ਰੇਲੀਆ ਪਹੁੰਚਦੇ ਹੋ ਤਾਂ ਤੁਹਾਨੂੰ ਬੇਲੋੜੀਆਂ ਦੇਰੀਆਂ ਦਾ ਤਜ਼ਰਬਾ ਨਾ ਹੋਵੇ। ਵਧੇਰੇ ਜਾਣਕਾਰੀ ਲਈ ਵੇਖੋ: DPD

## ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਲੋੜਾਂ

ਜਿਸ ਵੀ ਪ੍ਰਾਂਤ ਜਾਂ ਕੇਂਦਰ ਪ੍ਰਦੇਸ਼ ਵਿੱਚ ਤੁਸੀਂ ਪਹੁੰਚੇ ਹੋ ਉਹਨਾਂ ਦੀਆਂ ਲੰਘਣ ਵਾਲੀਆਂ ਲੋੜਾਂ ਦਾ ਤੁਸੀਂ ਲਾਜ਼ਮੀ ਪਾਲਣ ਕਰੋ। **ਬਿਨਾਂ ਟੀਕੇ ਵਾਲੇ ਯਾਤਰੀ ਆਉਣ ਵਾਲੇ ਯਾਤਰੀਆਂ ਦੀਆਂ ਗਿਣਤੀ ਵਾਲੀਆਂ ਸੀਮਾਵਾਂ ਦੇ ਅਧੀਨ ਆਉਂਦੇ ਹਨ ਅਤੇ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ ਦੀ ਪੂਰਤੀ ਕਰਨੀ ਚਾਹੀਦੀ ਹੈ।**

ਜਦੋਂ ਕਿ ਤੁਸੀਂ ਆਪਣੀ ਅਗਲੀ ਉਡਾਣ ਦੀ ਉਡੀਕ ਕਰ ਰਹੇ ਹੋ, ਤੁਹਾਨੂੰ ਹੋਟਲ ਵਾਲੀ ਰਿਹਾਇਸ਼ ਵਿੱਚ ਰਹਿਣਾ ਪੈ ਸਕਦਾ ਹੈ ਅਤੇ ਤੁਹਾਨੂੰ ਰਹਿਣ ਵਾਸਤੇ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। ਵਧੇਰੇ ਜਾਣਕਾਰੀ ਵਾਸਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਵੇਖੋ।

## 72 ਘੰਟਿਆਂ ਤੋਂ ਵੱਧ

ਜੇ ਤੁਸੀਂ ਆਪਣੀ ਅਗਲੀ ਉਡਾਣ ਤੋਂ ਪਹਿਲਾਂ ਆਸਟ੍ਰੇਲੀਆ ਵਿੱਚ 72 ਘੰਟਿਆਂ ਤੋਂ ਵਧੇਰੇ ਸਮਾਂ ਬਿਤਾਓਗੇ, ਤਾਂ ਤੁਹਾਨੂੰ ਆਸਟ੍ਰੇਲੀਆ ਦੇ ਵਿੱਚੋਂ ਦੀ ਲੰਘਦਾ ਹੋਇਆ **ਨਹੀਂ ਮੰਨਿਆ** ਜਾਂਦਾ ਹੈ।

ਤੁਹਾਨੂੰ ਲਾਜ਼ਮੀ ਤੌਰ 'ਤੇ ਆਸਟ੍ਰੇਲੀਆ ਲਈ ਹੋਰ ਸਾਰੀਆਂ ਦਾਖਲਾ ਲੋੜਾਂ, COVID-19 ਟੀਕਾਕਰਨ ਅਤੇ ਟੈਸਟ ਕਰਨ ਦੀਆਂ ਲੋੜਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਜਿਸ ਵਿੱਚ ਪ੍ਰਵਾਸ (ਇਮੀਗ੍ਰੇਸ਼ਨ), ਕਸਟਮ, ਜੈਵਿਕ-ਸੁਰੱਖਿਆ (ਬਾਇਓਸਕਿਓਰਟੀ) ਕਲੀਅਰੈਂਸ ਅਤੇ ਲਾਜ਼ਮੀ ਸਿਹਤ ਘੋਸ਼ਣਾਵਾਂ ਸ਼ਾਮਲ ਹਨ। ਵਧੇਰੇ ਜਾਣਕਾਰੀ ਵਾਸਤੇ, ਸਰਹੱਦ ਪਾਰ ਕਰਨਾ ਵੇਖੋ।

ਤੁਹਾਨੂੰ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਨੂੰ ਵੀ ਪੂਰਾ ਕਰਨ ਦੀ ਲੋੜ ਹੈ।